Alberta

**ਨਿਊਜ਼** ਰਿਲੀਜ਼

# 19 ਸਤੰਬਰ ਨੂੰ ਇਕ ਸੂਬਾਈ ਸੋਗ ਦਿਵਸ ਵਜੋਂ ਘੋਸ਼ਿਤ ਕੀਤਾ

**14 ਸਤੰਬਰ 2022** **ਮੀਡੀਆ ਇੰਨਕੁਆਰੀਆਂ**

## ਐਲਬਰਟਾ ਨੇ 19 ਸਤੰਬਰ ਦੇ ਦਿਨ ਨੂੰ ਹਰ ਲੇਟ ਮਜੈਸਟੀ ਰਾਣੀ ਐਲਿਜ਼ਬੈੱਥ II ਦੀ ਪਵਿੱਤਰ ਯਾਦ ਦੀ ਮਾਨਤਾ 'ਚ ਇਕ ਸੂਬਾਈ ਸੋਗ ਦਿਵਸ ਵਜੋਂ ਘੋਸ਼ਿਤ ਕੀਤਾ ਹੈ।

ਐਲਬਰਟਾ ਨਿਵਾਸੀਆਂ ਨੂੰ 19 ਸਤੰਬਰ ਦੇ ਦਿਨ ਸਵੇਰੇ 10 ਵਜੇ ਐਲਬਰਟਾ ਵਿਧਾਨ ਸਭਾ 'ਚ ਹਰ ਲੇਟ ਮਜੈਸਟੀ ਦੇ ਸਨਮਾਨ 'ਚ ਹੋਣ ਵਾਲੇ ਇਕ ਬਾਹਰਵਾਰੀ ਸਮਾਰੋਹ 'ਚ ਸ਼ਾਮਲ ਹੋਣ ਸੱਦਾ ਦਿੱਤਾ ਜਾਂਦਾ ਹੈ, ਜਿਹੜਾ ਦਿਨ ਲੰਡਨ ਵਿਚ ਉਨ੍ਹਾਂ ਦੇ ਸਸਕਾਰ ਦਾ ਦਿਨ ਹੈ, ਜੋ ਇਕ ਪਲ ਦਾ ਮੋਨ ਧਾਰਨ ਨਾਲ ਸ਼ੁਰੂ ਹੋਵੇਗਾ। ਕੰਮ ਵਾਲੀਆਂ ਥਾਵਾਂ, ਸਕੂਲਾਂ, ਦਫਤਰਾਂ ਅਤੇ ਰਿਟੇਲ ਸਟੋਰਾਂ ਨੂੰ ਵੀ ਮੋਨ ਧਾਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਸੋਗ ਦਿਵਸ ਦੇ ਇਕ ਭਾਗ ਵਜੋਂ, ਸਾਰੇ ਐਂਪਲਾਇਰਾਂ ਨੂੰ ਆਪਣੇ ਕਰਮਚਾਰੀਆਂ ਨੂੰ ਜਾਂ ਤਾਂ ਵਿਧਾਨ ਸਭਾ 'ਚ ਹੋਣ ਵਾਲੇ ਸਮਾਰੋਹ 'ਚ ਸ਼ਾਮਲ ਹੋਣ ਦੀ ਜਾਂ ਫਿਰ ਕਿਸੇ ਹੋਰ ਤਰੀਕੇ ਨਾਲ ਹਰ ਲੇਟ ਮਜੈਸਟੀ ਦੇ ਸਸਕਾਰ ਅਵਸਰ ਨੂੰ ਮਨਾਉਣ ਦੀ ਵਿਵਸਥਾ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਸਕੂਲਾਂ ਨੂੰ ਵਿਦਿਆਰਥੀਆਂ ਵਾਸਤੇ ਸੋਗ ਦਿਵਸ 'ਚ ਭਾਗ ਲੈ ਸਕਣ ਦੇ ਮੌਕੇ ਪ੍ਰਦਾਨ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ। ਐਲਬਰਟਾ ਦਾ ਸਿੱਖਿਆ ਵਿਭਾਗ 14 ਸਤੰਬਰ ਨੂੰ ਸਕੂਲ ਬੋਰਡਾਂ ਨੂੰ ਅਗਲੇਰੀ ਜਾਣਕਾਰੀ ਮੁਹੱਈਆ ਕਰੇਗਾ।

ਹਰ ਲੇਟ ਮਜੈਸਟੀ ਨੂੰ ਸਮਨਾਮ ਦੇਣ ਦੇ ਸਮਾਰੋਹ ਬਾਰੇ ਵਧੇਰੇ ਵਿਸਥਾਰ ਜਲਦੀ ਹੀ alberta.ca/QueenElizabethMemorial 'ਤੇ ਉਪਲਬਧ ਹੋਣਗੇ। ਸਮਾਰੋਹ ਉਸ ਸਮੇਂ alberta.ca ਉੱਪਰ ਅਤੇ ਐਲਬਰਟਾ ਸਰਕਾਰ ਦੇ ਸੋਸ਼ਲ ਮੀਡੀਆ ਚੈਨਲਾਂ ਉੱਪਰ ਨਾਲੋ ਨਾਲ ਵਿਖਾਇਆ ਜਾਵੇਗਾ।

ਪਬਲਿਕ ਨੂੰ **ਐਲਬਰਟਾ ਵਿਧਾਨ ਸਭਾ ਅਤੇ ਹੋਰ ਸੂਬਾਈ ਬਿਲਡਿੰਗਾਂ** 'ਚ 18 ਸਤੰਬਰ, ਐਤਵਾਰ ਸ਼ਾਮ 4 ਵਜੇ ਤੱਕ ਅਤੇ **ਆਨਲਾਈਨ** 19 ਸਤੰਬਰ, ਸੋਮਵਾਰ ਦੁਪਹਿਰ ਤੱਕ ਅਫਸੋਸ ਜ਼ਾਹਰ ਕਰਨ ਦੀਆਂ ਪੁਸਤਕਾਂ 'ਤੇ ਦਸਤਖਤ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

## ਸਬੰਧਤ ਜਾਣਕਾਰੀ

- ਕੁਈਨ ਐਲਿਜ਼ਬੈੱਥ ਮੈਮੋਰੀਅਲ ਇੰਨਫਰਮੇਸ਼ਨ

Classification: Public